ਨੰ.04/13/2015-3PP1/ 336

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ: 02/09/2024

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜ਼ਨਲ ਕਮਿਸ਼ਨਰਜ਼,
ਸਮੂਹ ਡਿਪਟੀ ਕਮਿਸ਼ਟਰਜ਼ ਅਤੇ ਸਬ-ਡਵੀਜ਼ਨਲ ਮੈਜਿਸਟ੍ਰੇਟ।

ਵਿਸ਼ਾ:- ਕਰੰਟ ਡਿਊਟੀ ਚਾਰਜ ਦੀਆਂ ਹਦਾਇਤਾਂ ਰੱਦ ਹੋਣ ਸਬੰਧੀ।

*******

2. ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਵੱਲੋਂ ਜਾਰੀ ਗਸ਼ਤੀ ਪੱਤਰ ਨੰ.4/13/2015-3ਪੀ.ਪੀ.1/891189/1-2, ਮਿਤੀ 14.12.2016, ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ.12348 ਆਫ਼ 2020 ਵਿੱਚ ਕੀਤੇ ਹੁਕਮ ਮਿਤੀ 28.04.2021 ਰਾਹੀਂ ਇਸ ਵਿਭਾਗ ਦੀਆਂ ਹਦਾਇਤਾਂ ਨੰ. 4/13/2015-3ਪੀ.ਪੀ.1/891189/1-2 ਮਿਤੀ 14.12.2016 ਰੱਦ ਕਰ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਵੱਲੋਂ ਇਹਨਾਂ ਹੁਕਮਾਂ ਵਿਰੁੱਧ ਦਾਇਰ ਕੀਤੀ ਗਈ ਐਲ.ਪੀ.ਏ. ਨੰ. 539 ਆਫ਼ 2021 ਵਿੱਚ ਹੋਏ ਹੁਕਮ ਮਿਤੀ 25.08.2021 ਰਾਹੀਂ ਉਕਤ ਰਿਟ ਪਟੀਸ਼ਨ ਦੇ ਫੈਸਲੇ ਮਿਤੀ 28.04.2021 ਨੂੰ ਬਰਕਰਾਰ ਰੱਖਿਆ ਗਿਆ। ਇਹਨਾਂ ਹੁਕਮਾਂ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਵਿਖੇ ਦਾਇਰ ਕੀਤੀ ਗਈ ਐਸ.ਐਲ.ਪੀ. ਨੰ. 1601/2022 ਵੀ ਮਾਨਯੋਗ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫੈਸਲੇ ਮਿਤੀ 28.03.2023 ਰਾਹੀਂ ਡਿਸਮਿਸ ਕਰ ਦਿੱਤੀ ਗਈ ਹੈ।

3. ਉਪਰੋਕਤ ਦੇ ਸਨਮੁਖ ਪ੍ਰਸੋਨਲ ਵਿਭਾਗ ਦੀਆਂ ਪੱਤਰ ਨੰ. 4/13/2015-3ਪੀ.ਪੀ.1/891189/1-2 ਮਿਤੀ 14.12.2016; ਪੱਤਰ ਨੰ. 4/11/2004-3ਪੀ.ਪੀ.1/4755-57 ਮਿਤੀ 19-04-2005 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਕਰੰਟ ਡਿਊਟੀ ਚਾਰਜ ਦੇਣ ਸਬੰਧੀ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹੋਰ ਹਦਾਇਤਾਂ ਰੱਦ ਸਮਝੀਆਂ ਜਾਣ।

ਵਿਸ਼ਵਾਸਪਾਤਰ

ਵਿਸ਼ੇਸ਼ ਸਕੱਤਰ, ਪ੍ਰਸੋਨਲ

ਉਪਰੋਕਤ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਪੀ.ਇ.ਪੱ.ਨੰ: 04/13/2015-3ਪੀਪੀ1/337 ਮਿਤੀ, ਚੰਡੀਗੜ੍ਹ 02/09/2024